**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**S.S.S. BOARD, PUNJAB**

**ਵਣ ਕੰਪਲੈਕਸ, ਸੈਕਟਰ-68 ਮੋਹਾਲੀ**

ਨੰਬਰ 1/50/2016(DEO)-2ਅ/2268 ਮਿਤੀ: 4/10/2021

**ਜਨਤਕ ਨੋਟਿਸ**

1. ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਇਸ਼ਤਿਹਾਰ ਨੰਬਰ 03 ਆਫ 2016 ਰਾਹੀਂ ਪ੍ਰਕਾਸ਼ਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਡਾਟਾ ਐਂਟਰੀ ਓਪਰੇਟਰ ਦੀਆਂ 39 ਅਸਾਮੀਆਂ ਦੀ ਕੌਂਸਲਿੰਗ ਮਿਤੀ ਮਿਤੀ 07/07/2020 ਤੋਂ 09/07/2020 ਤੱਕ ਕਰਵਾਈ ਗਈ ਸੀ। ਇਸ ਉਪਰੰਤ ਗੈਰ ਹਾਜਰ ਰਹੇ ਉਮੀਦਵਾਰਾਂ ਅਤੇ ਕੁਝ ਕੈਟਾਗਰੀਆਂ ਵਿੱਚ ਉਮੀਦਵਾਰ ਪੂਰੇ ਨਾ ਹੋਣ ਕਰਕੇ ਮੈਰਿਟ ਘਟਾ ਕੇ ਹੋਰ ਉਮੀਦਵਾਰਾਂ ਨੂੰ ਮਿਤੀ 11/08/2020 ਕੌਂਸਲਿੰਗ ਲਈ ਬੁਲਾਇਆ ਗਿਆ ਸੀ, ਪ੍ਰੰਤੂ ਇਹ ਕੌਂਸਲਿੰਗ ਕੈਂਸਲ ਕਰ ਦਿੱਤੀ ਗਈ ਸੀ। ਹੁਣ ਇਹ ਕੌਂਸਲਿੰਗ ਮਿਤੀ 08/10/2021 (ਸ਼ੁੱਕਰਵਾਰ) ਨੂੰ ਸਵੇਰੇ 11:00 ਵਜੇ ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਵਣ ਭਵਨ ਸੈਕਟਰ 68 ਮੋਹਾਲੀ ਵਿਖੇ ਰੱਖੀ ਗਈ ਹੈ।

2. ਇਸ ਕੌਂਸਲਿੰਗ ਵਿੱਚ ਮਿਤੀ 07/07/2020 ਤੋਂ 09/07/2020 ਤੱਕ ਹੋਈ ਕੌਂਸਲਿੰਗ ਦੌਰਾਨ ਗੈਰ-ਹਾਜਰ ਰਹੇ ਉਮੀਦਵਾਰਾਂ ਨੂੰ ਬੁਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹਰ ਕੈਟਾਗਰੀ ਦੀ ਕੱਟ ਆਫ ਘਟਾ ਕੇ Annexure A ਅਨੁਸਾਰ ਹੋਰ ਉਮੀਦਵਾਰਾਂ ਨੂੰ ਵੀ ਕੌਂਸਲਿੰਗ ਲਈ ਬੁਲਾਇਆ ਜਾਂਦਾ ਹੈ। ਉਮੀਦਵਾਰ ਇਸ਼ਤਿਹਾਰ ਨੰਬਰ 03/2016 (ਬੋਰਡ ਦੀ ਵੈੱਬਸਾਈਟ https://sssb.punjab.gov.in/ ਤੇ ਉਪਲੱਬਧ) ਦੇ ਲੜੀ ਨੰਬਰ 13 ਅਧੀਨ ਦਰਸਾਈ ਗਈ "ਚੋਣ ਵਿਧੀ" ਅਨੁਸਾਰ ਅਪਣੀ ਦਸਵੀਂ ਜਾਂ ਬਾਰਵੀਂ (ਜੇਕਰ ਦਸਵੀਂ ਵਿੱਚ ਘੱਟੋ ਘੱਟ 2nd Division ਨਹੀਂ ਹੈ) ਦੇ ਨੰਬਰਾਂ ਦੀ ਪ੍ਰਤੀਸ਼ਤਤਾ ਕੈਲਕੂਲੇਟ ਕਰਨ, ਜੇਕਰ ਉਮੀਦਵਾਰ ਦੇ ਨੰਬਰਾਂ ਦੀ ਪ੍ਰਤੀਸ਼ਤਤਾ **ਅਨੁਲੱਗ--ੳ** ਵਿੱਚ ਉਸਦੀ ਕੈਟਾਗਰੀ ਦੇ ਸਾਹਮਣੇ ਦਰਸਾਈ ਗਈ ਕੱਟ ਆਫ ਪ੍ਰਤੀਸ਼ਤਤਾ ਦੇ ਬਰਾਬਰ ਜਾਂ ਉਸਤੋਂ ਵੱਧ ਹੈ ਤਾਂ ਉਹ ਉਮੀਦਵਾਰ ਵੀ ਕੌਂਸਲਿੰਗ (ਮਿਤੀ 08/10/2021) ਲਈ ਹਾਜਰ ਹੋਵੇ।

3. ਕੌਂਸਲਿੰਗ ਦੌਰਾਨ ਉਮੀਦਵਾਰ ਜਨਤਕ ਨੋਟਿਸ ਨੰਬਰ 1/50/2016(DEO)-2ਅ/757 ਮਿਤੀ 26/06/2020 (**ਅਨੁਲੱਗ--ਅ** ਤੇ ਨੱਥੀ) ਦੇ ਲੜੀ ਨੰਬਰ 9 ਤੇ ਦਰਸਾਏ ਅਨੁਸਾਰ ਦਸਤਾਵੇਜ ਪੇਸ਼ ਕਰਨਗੇ।

4. ਕੌਸਲਿੰਗ ਦੌਰਾਨ COVID-19 ਸਬੰਧੀ ਜਨਤਕ ਨੋਟਿਸ ਨੰਬਰ 1/50/2016(DEO)-2ਅ/757 ਮਿਤੀ 26/06/2020 (**ਅਨੁਲੱਗ--ਅ** ਤੇ ਨੱਥੀ) ਦੇ Annexure C ਤੇ ਦਰਸਾਈਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਉਮੀਦਵਾਰ ਪਾਬੰਦ ਹੋਣਗੇ।

5. **ਇਸ਼ਤਿਹਾਰ ਨੰਬਰ 03/2016 ਅਧੀਨ ਡਾਟਾ ਐਂਟਰੀ ਓਪਰੇਟਰ ਦੀਆਂ ਅਸਾਮੀਆਂ ਲਈ ਕੌਂਸਲਿੰਗ ਮਿਤੀ 07/07/2020 ਤੋਂ 09/09/2020 ਦੌਰਾਨ ਅਪਣੀ ਕੌਂਸਲਿੰਗ ਕਰਵਾ ਚੁੱਕੇ ਉਮੀਦਵਾਰਾਂ ਨੂੰ ਦੁਬਾਰਾ ਕੌਂਸਲਿੰਗ ਲਈ ਆਉਣ ਦੀ ਜਰੂਰਤ ਨਹੀਂ ਹੈ।**

6. ਕੌਂਸਲਿੰਗ ਦੀਆਂ ਬਾਕੀ ਸ਼ਰਤਾਂ ਜਨਤਕ ਨੋਟਿਸ ਨੰਬਰ 1/50/2016(DEO)-2ਅ/757 ਮਿਤੀ 26/06/2020 ਅਤੇ ਸ਼ੁੱਧੀ ਪੱਤਰ (Corrigendum) No. 1/40/2018-2ਅ/790 ਮਿਤੀ 02/07/2020 (**ਅਨੁਲੱਗ--ਅ** ਤੇ ਨੱਥੀ) ਵਾਲੀਆਂ ਹੋਣਗੀਆਂ।

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ

**ਅਨੁਲੱਗ--ੳ**

ਇਸ਼ਤਿਹਾਰ ਨੰਬਰ 03/2016 ਅਧੀਨ ਡਾਟਾ ਐਂਟਰੀ ਓਪਰੇਟਰ ਦੀਆਂ 39 ਅਸਾਮੀਆਂ ਲਈ ਕੌਂਸਲਿੰਗ ਮਿਤੀ 08/10/2021 ਦਾ ਨਵੀਂ ਕੱਟ ਆਫ ਅਨੁਸਾਰ ਸ਼ਡਿਊਲ:-

| ਲੜੀ ਨੰ: | ਕੈਟਾਗਰੀ | ਉਮੀਦਵਾਰ ਦੇ ਮੈਟ੍ਰਿਕ ਜਾਂ ਬਾਰਵੀਂ (ਜੇਕਰ ਮੈਟ੍ਰਿਕ ਵਿੱਚ ਘੱਟੋ ਘੱਟ 2nd Division ਨਹੀਂ ਹੈ) ਦੇ ਨੰਬਰਾਂ ਦੀ ਨਵੀਂ ਪ੍ਰਤੀਸ਼ਤ/ਕੱਟ ਆਫ | ਕੌਂਸਲਿੰਗ ਦਾ ਸਮਾਂ |
|---|---|---|---|
| 1 | ਓਪਨ (ਜਰਨਲ,ਬੀ.ਸੀ. ਅਤੇ ਐਸ.ਸੀ. ਕੈਟਾਗਰੀ ਦੇ ਉਮੀਦਵਾਰ ) | 77.00% ਤੋਂ 100% ਤੱਕ | 11:00 ਵਜੇ ਸਵੇਰੇ |
| 2 | ਬੀ.ਸੀ. | 69.70% ਤੋਂ 76.99% ਤੱਕ | 11:00 ਵਜੇ ਸਵੇਰੇ |
| 3 | ਐਸ.ਸੀ.ਐਮ.ਬੀ | 55.00% ਤੋਂ 76.99% ਤੱਕ | 11:00 ਵਜੇ ਦੁਪਹਿਰ |
| 4 | ਐਸ.ਸੀ.ਆਰ.ਓ | 64.00% ਤੋਂ 76.99% ਤੱਕ | 11:00 ਵਜੇ ਦੁਪਹਿਰ |
| 5 | ਸਾਬਕਾ ਫੌਜੀ (ਜਰਨਲ) | ਸਾਰੇ ਉਮੀਦਵਾਰ | 11:30 ਵਜੇ ਦੁਪਹਿਰ |
| 6 | ਸਾਬਕਾ ਫੌਜੀ (ਪੱਛੜੀ ਸ੍ਰੇਣੀ) | ਸਾਰੇ ਉਮੀਦਵਾਰ | 11:30 ਵਜੇ ਦੁਪਹਿਰ |
| 7 | ਸਾਬਕਾ ਫੌਜੀ (ਅਨੁਸੂਚਿਤ ਜਾਤੀ) | ਸਾਰੇ ਉਮੀਦਵਾਰ | 11:30 ਵਜੇ ਦੁਪਹਿਰ |
| 8 | ਅੰਗਹੀਣ (ਆਰਥੋ) | 51.50% ਤੋਂ 100% ਤੱਕ | 12:00 ਵਜੇ ਦੁਪਹਿਰ |
| 9 | ਸੁਤੰਤਰਤਾ ਸੰਗਰਾਮੀ | ਸਾਰੇ ਉਮੀਦਵਾਰ | 12:00 ਵਜੇ ਦੁਪਹਿਰ |

------End of Annexure------

ਅਨੁਲੱਗ - ਅ

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**
**S.S.S. BOARD, PUNJAB**
**ਵਣ ਕੰਪਲੈਕਸ, ਸੈਕਟਰ-68 ਮੋਹਾਲੀ**

**ਨੰਬਰ 1/50/2016(DEO)-2ਅ/757** **ਮਿਤੀ, ਮੋਹਾਲੀ: 26/06/2020**

**ਜਨਤਕ ਨੋਟਿਸ**

1. ਇਸ਼ਤਿਹਾਰ ਨੰਬਰ 03/2016 ਅਧੀਨ ਪ੍ਰਕਾਸ਼ਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਡਾਟਾ ਐਂਟਰੀ ਓਪਰੇਟਰ ਦੀਆਂ 39 ਅਸਾਮੀਆਂ ਦੀ ਭਰਤੀ ਸਬੰਧੀ ਟਾਈਪ ਟੈਸਟ ਮਿਤੀ 24/08/2018 ਤੋਂ 31/08/2018 ਵਿੱਚ ਸਫਲ ਹੋਏ 660 ਉਮੀਦਵਾਰਾਂ ਦੀ ਸੂਚਨਾ, ਉਨ੍ਹਾਂ ਦੁਆਰਾ ਆਨਲਾਈਨ ਭਰੇ ਗਏ ਵੇਰਵਿਆਂ ਦੇ ਅਧਾਰ ਤੇ (ਮੈਟ੍ਰਿਕ ਦੇ ਅੰਕਾਂ ਦੇ ਘਟਦੇ ਕ੍ਰਮ ਅਨੁਸਾਰ) Annexure A ਤੇ ਦਰਸਾਈ ਜਾਂਦੀ ਹੈ। **ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਡਾਟਾ ਐਂਟਰੀ ਓਪਰੇਟਰ ਦੀ ਭਰਤੀ ਲਈ ਅੰਤਿਮ ਮੈਰਿਟ ਸੂਚੀ ਕੌਂਸਲਿੰਗ ਉਪਰੰਤ ਉਮੀਦਵਾਰਾਂ ਦੇ ਅਸਲ ਦਸਤਾਵੇਜਾਂ ਦੀ ਪੜਤਾਲ ਉਪਰੰਤ ਤਿਆਰ ਕੀਤੀ ਜਾਵੇਗੀ।**

2. ਇਸ਼ਤਿਹਾਰ ਨੰਬਰ 03/2016 ਅਧੀਨ ਪ੍ਰਕਾਸ਼ਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਡਾਟਾ ਐਂਟਰੀ ਓਪਰੇਟਰ ਦੀਆਂ ਅਸਾਮੀਆਂ ਦੇ Annexure A ਉੱਤੇ ਦਰਸਾਏ ਗਏ 660 ਉਮੀਦਵਾਰਾਂ ਵਿੱਚੋਂ 39 ਅਸਾਮੀਆਂ ਲਈ ਕੌਂਸਲਿੰਗ Annexure B ਉੱਤੇ ਦਰਸਾਏ ਗਏ ਸ਼ਡਿਊਲ ਅਨੁਸਾਰ ਮਿਤੀ 07/07/2020 ਤੋਂ 09/07/2020 ਤੱਕ ਰੱਖੀ ਜਾਂਦੀ ਹੈ। ਉਮੀਦਵਾਰ ਕੌਂਸਲਿੰਗ ਸ਼ਡਿਊਲ ਅਨੁਸਾਰ ਸਬੰਧਤ ਮਿਤੀ ਅਤੇ ਸਮੇਂ ਤੇ ਕੌਂਸਲਿੰਗ ਲਈ **ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਵਣ ਭਵਨ, ਸੈਕਟਰ 68, ਮੋਹਾਲੀ ਪੰਜਾਬ** ਵਿਖੇ ਹਾਜਰ ਹੋਣ।

3. ਇਸ਼ਤਿਹਾਰ ਨੰਬਰ 03/2016 ਅਧੀਨ ਪ੍ਰਕਾਸ਼ਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਡਾਟਾ ਐਂਟਰੀ ਓਪਰੇਟਰ ਦੀਆਂ 39 ਅਸਾਮੀਆਂ ਲਈ ਟਾਈਪ ਟੈਸਟ ਵਿੱਚ ਸਫਲ 660 ਉਮੀਦਵਾਰਾਂ ਵਿੱਚੋਂ ਕੁੱਝ ਉਮੀਦਵਾਰਾਂ ਵੱਲੋਂ ਆਨਲਾਈਨ ਫਾਰਮ ਭਰਨ ਵੇਲੇ ਅਪਣੇ ਮੈਟ੍ਰਿਕ/ਬਾਰਵੀਂ/ਕੰਪਿਊਟਰ ਕੋਰਸ ਦੇ ਨੰਬਰ CGPA, Grade Marks ਜਾਂ ਕਿਸੇ ਹੋਰ ਦੁਚਿੱਤੀ ਕਾਰਨ ਸਹੀ ਨਹੀਂ ਭਰੇ ਹਨ। ਇਨ੍ਹਾਂ ਉਮੀਦਵਾਰਾਂ ਨੂੰ ਆਖਰੀ ਮੌਕਾ ਦਿੰਦੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ਼ਤਿਹਾਰ 03/2016 ਵਿੱਚ ਦਰਸਾਈ ਚੋਣ ਵਿਧੀ ਅਨੁਸਾਰ ਅਪਣੀ Percentage ਖੁੱਦ ਕੈਲਕੁਲੇਟ ਕਰਨ। ਜੇਕਰ ਕਿਸੇ ਉਮੀਦਵਾਰ ਦੀ ਮੈਟ੍ਰਿਕ ਦੀ Percentage, Annexure B ਵਿੱਚ ਦਰਸਾਈ ਉਸਦੀ ਕੈਟਾਗਰੀ ਦੀ ਅੰਤਿਮ ਕੱਟ ਆਫ ਦੇ ਬਰਾਬਰ ਜਾਂ ਇਸ ਤੋਂ ਵੱਧ ਹੈ ਤਾਂ ਉਹ ਉਮੀਦਵਾਰ ਅਸਲ ਦਸਤਾਵੇਜਾਂ ਸਮੇਤ Annexure B ਵਿੱਚ ਦਰਸਾਏ ਸ਼ਡਿਊਲ ਅਨੁਸਾਰ ਸਬੰਧਤ ਦਿਨ ਕੌਂਸਲਿੰਗ ਵਿੱਚ ਹਾਜਰ ਹੋ ਸਕਦਾ ਹੈ। ਇਸ ਉਪਰੰਤ ਇਸ ਸਬੰਧੀ ਕੋਈ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

4. ਇਸ਼ਤਿਹਾਰ ਨੰਬਰ 03/2016 ਅਧੀਨ ਪ੍ਰਕਾਸ਼ਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਡਾਟਾ ਐਂਟਰੀ ਓਪਰੇਟਰ ਦੀਆਂ ਅਸਾਮੀਆਂ ਸਬੰਧੀ Annexure A ਤੇ ਪ੍ਰਕਾਸ਼ਿਤ ਟਾਈਪ ਟੈਸਟ ਪਾਸ ਉਮੀਦਵਾਰਾਂ ਦੀ ਸੂਚੀ ਤੋਂ ਇਲਾਵਾ ਇਸ ਭਰਤੀ ਦੇ ਉਹ ਉਮੀਦਵਾਰ ਜੋ ਕਿ ਟਾਈਪ ਟੈਸਟ ਤੋਂ ਛੋਟ ਸਬੰਧੀ ਲੋੜੀਂਦਾ ਸਰਟੀਫਿਕੇਟ ਜਮਾਂ ਕਰਵਾਉਣਾ ਚਾਹੁੰਦੇ ਹਨ ਉਹ ਮਿਤੀ 09/07/2020 ਨੂੰ 12:00 ਵਜੇ ਦੁਪਹਿਰ ਟਾਈਪ ਟੈਸਟ ਤੋਂ ਛੋਟ ਦਾ ਸਰਟੀਫਿਕੇਟ ਜਮਾਂ ਕਰਵਾ ਕੇ ਕੌਂਸਲਿੰਗ ਕਰਵਾ ਸਕਦੇ ਹਨ।

5. ਕੌਂਸਲਿੰਗ ਵਿੱਚ ਨਾਮ ਆ ਜਾਣ ਤੇ ਅਤੇ ਹਾਜਰ ਹੋ ਜਾਣ ਕਰਕੇ ਕਿਸੇ ਉਮੀਦਵਾਰ ਦਾ ਸਬੰਧਤ ਅਸਾਮੀ ਤੇ ਨਿਯੁਕਤੀ ਦਾ ਕੋਈ ਅਧਿਕਾਰ ਨਹੀਂ ਬਣ ਜਾਂਦਾ।

6. **ਕੌਂਸਲਿੰਗ ਦੌਰਾਨ COVID-19 ਸਬੰਧੀ Annexure-C ਤੇ ਦਰਸਾਈਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਉਮੀਦਵਾਰ ਪਾਬੰਦ ਹੋਣਗੇ।**

7. ਕੌਂਸਲਿੰਗ ਵਿੱਚ ਹਾਜਰ ਹੋਣ ਲਈ ਕਿਸੇ ਵੀ ਉਮੀਦਵਾਰ ਨੂੰ ਕੋਈ ਟੀ.ਏ/ਡੀ.ਏ ਨਹੀਂ ਦਿੱਤਾ ਜਾਵੇਗ।

8. ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਕੌਂਸਲਿੰਗ ਦਾ ਅੰਤਿਮ ਮੌਕਾ ਹੈ। ਇਸ ਕੌਂਸਲਿੰਗ ਦੌਰਾਨ ਗੈਰ ਹਾਜਰ ਰਹਿਣ ਵਾਲੇ ਉਮੀਦਵਾਰਾਂ ਨੂੰ ਕੌਂਸਲਿੰਗ ਦਾ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

9. ਉਪਰੋਕਤ ਤੋਂ ਇਲਾਵਾ Annexure B ਵਿੱਚ ਦਰਸਾਏ ਸ਼ਡਿਊਲ ਅਨੁਸਾਰ ਮਿੱਥੀ ਮਿਤੀ ਅਤੇ ਸਮੇਂ ਤੇ ਕੌਂਸਲਿੰਗ ਲਈ ਬੋਰਡ ਦੇ ਦਫਤਰ ਵਿੱਚ ਹਾਜਰ ਹੋਣ ਸਮੇਂ ਉਮੀਦਵਾਰ ਹੇਠ ਦਰਸਾਏ ਦਸਤਾਵੇਜ /ਸਰਟੀਫਿਕੇਟ ਦੀ **ਸਵੈ-ਤਸਦੀਕ ਸ਼ੁਦਾ ਫੋਟੋ ਕਾਪੀਆਂ** ਫਾਈਲ ਕਵਰ (ਨਾ ਕਿ ਪਲਾਸਟਿਕ ਦੇ ਫੋਲਡਰ ਵਿੱਚ ) ਟੈਗ ਨਾਲ ਨੱਥੀ ਕਰਕੇ ਪੇਸ਼ ਕਰਨਾ ਯਕੀਨੀ ਬਨਾਉਣ:-

1) ਸਬੰਧਤ ਉਮੀਦਵਾਰ ਕੌਂਸਲਿੰਗ ਤੇ ਹਾਜਰ ਹੋਣ ਸਮੇ Annexure D ਤੇ ਨੱਥੀ ਪ੍ਰੋਫਾਰਮਾ ਭਰ ਕੇ ਪੇਸ਼ ਕਰਨਗੇ।
2) ਜਨਮ ਮਿਤੀ ਅਤੇ ਦਸਵੀਂ ਪੱਧਰ ਤੇ ਪੰਜਾਬੀ ਪਾਸ ਦੇ ਸਬੂਤ ਵਜੋਂ ਮੈਟਰਿਕ ਦਾ ਅਸਲ ਸਰਟੀਫਿਕੇਟ;
3) ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ (ਡਿਟੇਲਡ ਮਾਰਕ ਕਾਰਡ ਅਤੇ ਡਿਗਰੀ);
4) ਉਮੀਦਵਾਰ ਵਲੋਂ ਆਨਲਾਈਨ ਅਪਲਾਈ ਕੀਤੇ ਐਪਲੀਕੇਸ਼ਨ ਫਾਰਮ ਦੀ ਕਾਪੀ ;
5) ਦੋ ਪਾਸਪੋਰਟ ਸਾਈਜ ਫੋਟੋਆਂ;
6) ਸ਼ਨਾਖਤੀ ਸਬੂਤ ਵਜੋਂ ਪੈਨ ਕਾਰਡ/ਆਧਾਰ ਕਾਰਡ/ਪਾਸਪੋਰਟ/ਵੋਟਰ ਸਨਾਖਤੀ ਕਾਰਡ/ਡਰਾਇਵਿੰਗ ਲਾਈਸੰਸ(ਕੋਈ ਇੱਕ):
7) ਰਾਖਵੀਆਂ ਆਸਾਮੀਆਂ ਵਿਰੁੱਧ ਅਪਲਾਈ ਕੀਤੇ ਉਮੀਦਵਾਰ ਜਾਰੀ ਹਦਾਇਤਾਂ ਅਨੁਸਾਰ ਲੋੜੀਂਦੇ ਅਸਲ ਸਰਟੀਫਿਕੇਟ;
8) ਰਾਖਵੀਆਂ ਸ਼੍ਰੇਣੀਆਂ ਦੇ ਉਮੀਦਵਾਰ ਪੰਜਾਬ ਦੇ ਨਿਵਾਸੀ ਹੋਣ ਦੇ ਸਬੂਤ ਵਜੋਂ ਤਾਜਾ ਜਾਰੀ ਕੀਤੇ (5 ਸਾਲ ਤੋ ਘੱਟ ਪੁਰਾਣਾ) ਰਿਹਾਇਸ਼ੀ ਸਰਟੀਫਿਕੇਟ ਵੀ ਨਾਲ ਲੈ ਕੇ ਆਉਣ;
9) ਪੱਛੜੀਆਂ ਸ਼੍ਰੇਣੀ ਨਾਲ ਸਬੰਧਤ ਉਮੀਦਵਾਰ ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਰੀਮੀਲੇਅਰ ਲਈ ਆਮਦਨ ਆਦਿ ਸਬੰਧੀ ਵੇਰਵਿਆਂ ਦਾ ਜਿਕਰ ਕਰਦੇ ਹੋਏ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਸਵੈ-ਘੋਸ਼ਣਾ ਪੱਤਰ ਵੀ ਨਾਲ ਲੈ ਕੇ ਆਉਣ;
10) ਯੋਗਤਾ ਆਦਿ ਸਬੰਧੀ ਸਰਟੀਫਿਕੇਟਾਂ ਦੀਆਂ ਸਵੈ-ਤਸਦੀਕ ਫੋਟੋ ਕਾਪੀਆਂ, ਫਾਈਲ ਕਵਰ (ਨਾ ਕਿ ਪਲਾਸਟਿਕ ਦੇ ਫੋਲਡਰ) ਵਿੱਚ ਨੱਥੀ ਕਰਕੇ ਕਾਉਸਲਿੰਗ ਦੌਰਾਨ ਪੇਸ਼ ਕਰਨਾ ਯਕੀਨੀ ਬਣਾਉਣਗੇ।

---ਸਹੀ---
ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

## Annexure C

**ਕੋਵਿਡ-19 ਮਹਾਂਮਾਰੀ ਤੋਂ ਬਚਾਅ ਸਬੰਧੀ ਉਮੀਦਵਾਰਾਂ ਲਈ ਜਰੂਰੀ ਹਦਾਇਤਾਂ:-**

1. ਦੇਸ਼ ਭਰ ਵਿੱਚ ਕੋਵਿਡ-19 ਮਹਾਂਮਾਰੀ ਦੇ ਫੈਲਣ ਕਾਰਨ ਉਤਪੰਨ ਹੋਏ ਮੌਜੂਦਾ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ Annexure-B ਵਿੱਚ ਆਪਣੇ ਨਾਮ ਸਾਹਮਣੇ ਦਰਸਾਏ ਸਮੇਂ ਅਨੁਸਾਰ ਹੀ ਬੋਰਡ ਦੇ ਦਫਤਰ ਵਿਖੇ ਕਾਉਂਸਲਿੰਗ ਲਈ ਹਾਜ਼ਰ ਹੋਣਾ ਯਕੀਨੀ ਬਣਾਉਣ ਤਾਂ ਜੋ ਸਮਾਜਿਕ ਦੂਰੀ (Social Distancing) ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਸਕੇ। ਇਸ ਮੰਤਵ ਲਈ ਉਮੀਦਵਾਰਾਂ ਨੂੰ ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਸਮੇਂ ਤੋਂ ਸਿਰਫ ਅੱਧਾ-ਘੰਟਾ (30 ਮਿੰਟ) ਪਹਿਲਾਂ ਹੀ ਬੋਰਡ ਦੇ ਦਫਤਰ ਅੰਦਰ ਆਉਣ ਦੀ ਆਗਿਆ ਦਿੱਤੀ ਜਾਏਗੀ।

2. ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਸੰਭਵ ਹੋਵੇ ਤਾਂ ਕਾਉਂਸਲਿੰਗ ਲਈ ਸਿਰਫ ਇਕੱਲੇ ਹੀ ਆਉਣ ਦੀ ਕੋਸ਼ਿਸ਼ ਕਰਨ, ਭਾਵ ਕਿ ਆਪਣੇ ਨਾਲ ਪਰਿਵਾਰ ਦੇ ਕਿਸੇ ਮੈਂਬਰ/ਸਾਥੀ ਨੂੰ ਨਾਲ ਲੈ ਕੇ ਆਉਣ ਤੋਂ ਪਰਹੇਜ਼ ਕਰਨ ਤਾਂ ਜੋ ਬੋਰਡ ਦੇ ਦਫਤਰ ਵਿੱਚ ਇਕੱਠ ਨਾ ਹੋ ਸਕੇ । ਵਣ ਕੰਪਲੈਕਸ ਵਿੱਚ ਸਥਿਤ ਬੋਰਡ ਦੇ ਦਫਤਰ ਵਿੱਚ ਸਿਰਫ ਉਮੀਦਵਾਰਾਂ ਨੂੰ ਹੀ ਅੰਦਰ ਆਉਣ ਦੀ ਆਗਿਆ ਦਿੱਤੀ ਜਾਏਗੀ।

3. ਹਰ ਉਮੀਦਵਾਰ ਦੀ entry ਸਮੇਂ Thermal screening ਕੀਤੀ ਜਾਏਗੀ, ਜਿਸਦੀ ਪਾਲਣਾ ਕਰਨਾ ਹਰ ਉਮੀਦਵਾਰ ਲਈ ਲਾਜ਼ਮੀ ਹੈ।

4 ਉਮੀਦਵਾਰ ਮਾਸਕ/ਰੁਮਾਲ/ਕੱਪੜਾ ਆਦਿ ਨਾਲ ਆਪਣਾ ਨੱਕ-ਮੂੰਹ ਢਕ ਕੇ ਹੀ ਕਾਉਂਸਲਿੰਗ ਲਈ ਆਉਣਗੇ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਾਲ Sanitizer ਲੈ ਕੇ ਆਉਣ ਤਾਂ ਜੋ ਬੋਰਡ ਦੇ ਦਫਤਰ ਪਹੁੰਚਣ ਦੌਰਾਨ infection ਤੋਂ ਬਚਿਆ ਜਾ ਸਕੇ।

5. ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਜਦੀਕ source of infection ਨੂੰ identify ਕਰਨ ਦੇ ਮੰਤਵ ਲਈ ਆਪਣੇ ਮੋਬਾਇਲ ਫੋਨ ਵਿੱਚ Aarogya Setu APP ਅਤੇ COVA App ਜਰੂਰ install ਕਰਨ ਤਾਂ ਜੋ ਕੋਵਿਡ-19 infection ਹੋਣ ਦੇ ਖਤਰੇ ਤੋਂ ਸੁਚੇਤ ਹੋਇਆ ਜਾ ਸਕੇ ਅਤੇ ਆਪਣੇ ਆਸ-ਪਾਸ ਸੁਰੱਖਿਅਤ ਵਾਤਾਵਰਣ ਸਿਰਜਿਆ ਜਾ ਸਕੇ।

6. ਉਮੀਦਵਾਰ ਬੋਰਡ ਦੇ ਦਫਤਰ ਵਿਖੇ ਪਹੁੰਚ ਕਰਨ ਅਤੇ ਕਾਉਂਸਲਿੰਗ ਉਪਰੰਤ ਵਾਪਸ ਪਰਤਣ ਦੌਰਾਨ ਸਮਾਜਿਕ ਦੂਰੀ (Social Distancing) ਬਣਾਏ ਰੱਖਣਾ ਯਕੀਨੀ ਬਣਾਉਣਗੇ।

7. ਕਾਉਂਸਲਿੰਗ ਲਈ ਬੋਰਡ ਦੇ ਦਫਤਰ ਵਿਖੇ ਤੈਅ ਸਮੇਂ ਤੇ ਪਹੁੰਚਣਾ ਅਤੇ ਵਾਪਸ ਪਰਤਣ ਦੀ ਜਿੰਮੇਵਾਰੀ ਉਮੀਦਵਾਰਾਂ ਦੀ ਖੁਦ ਦੀ ਹੋਵੇਗੀ। ਕੋਵਿਡ-19 ਮਹਾਂਮਾਰੀ ਦੇ ਸੰਕਟ ਕਾਰਨ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੂਝਵਾਨ ਨਾਗਰਿਕ ਦੀ ਭੂਮਿਕਾ ਨਿਭਾਉਂਦੇ ਹੋਏ ਜਿੰਮੇਵਾਰੀ ਨਾਲ ਬੋਰਡ ਦੇ ਦਫਤਰ ਵਿਖੇ ਪਹੁੰਚਣ ਅਤੇ ਵਾਪਸ ਪਰਤਣ ਦੌਰਾਨ ਵੀ ਹਰ ਤਰ੍ਹਾਂ ਦੀ ਸਾਵਧਾਨੀ ਵਰਤਣ।

8. ਇਸ ਤੋਂ ਬਿਨਾ ਉਮੀਦਵਾਰ ਸਰਕਾਰ ਵੱਲੋਂ ਕੋਵਿਡ-19 ਸਬੰਧੀ ਵੱਖ-ਵੱਖ ਸਮੇਂ ਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ।

---------------End of Annexure C--------------------

Annexure-D

ਉਮੀਦਵਾਰ ਦੀ ਫੋਟੋ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
**(S.S.S.BOARD, PUNJAB)**
ਵਣ ਵਿਭਾਗ ਸੈਕਟਰ-68 ਐਸ.ਏ.ਐਸ.ਨਗਰ

ਇਸਤਿਹਾਰ ਨੰ:3/2016 - ਡਾਟਾ ਐਂਟਰੀ ਓਪਰੇਟਰ ਦੀਆਂ ਅਸਾਮੀਆਂ ਭਰਨ ਲਈ ਲਏ ਗਏ ਪੰਜਾਬੀ ਅਤੇ ਅੰਗਰੇਜੀ ਦੇ ਟਾਈਪ ਟੈਸਟ ਵਿੱਚ ਪਾਸ ਹੋਏ ਉਮੀਦਵਾਰਾਂ ਦੀ ਕਾਊਸਲਿੰਗ ਦੀ ਮਿਤੀ:-______________

ਅਪਲਾਈ ਕੀਤੀ ਗਈ ਕੈਟਾਗਰੀ ਦਾ ਨਾਮ ਅਤੇ ਕੋਡ ਨੰ: 1)__________2)__________3)__________

1. ਰੋਲ ਨੰਬਰ :________________

2. ਉਮੀਦਵਾਰ ਦਾ ਨਾਂ________________________ਪਿਤਾ ਦਾ ਨਾਂ________________________

3. ਜਨਮ ਮਿਤੀ ____________(1.1.2016 ਨੂੰ ਉਮਰ) (ਸਾਲ____ਮਹੀਨਾ____ ਦਿਨ____)

4. ਕੀ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੈ। __________

5. ਰਿਹਾਇਸੀ ਪਤਾ ________________________________________________

________________________________________________

6. ਮੋਬਾਇਲ ਨੰਬਰ (1)________________________(2)________________________

ਇਸ ਕਾਲਮ ਵਿੱਚ ਲੋੜੀਦੀ ਵਿਦਿਅਕ ਯੋਗਤਾ ਇਸ਼ਤਿਹਾਰ ਅਨੁਸਾਰ ਦਰਜ ਕੀਤੀ ਜਾਵੇ।

| ਲੜੀ ਨੰ: | ਵਿਦਿਅਕ ਯੋਗਤਾ | ਬੋਰਡ/ ਯੂਨੀਵਰਸਿਟੀ | ਸਾਲ | ਕੁੱਲ ਅੰਕ | ਪ੍ਰਾਪਤ ਅੰਕ | ਪ੍ਰਾਪਤ % |
|---|---|---|---|---|---|---|
| 1 | ਦਸਵੀਂ | | | | | |
| 2 | ਬਾਰ੍ਹਵੀਂ | | | | | |
| 4 | ਕੰਪਿਊਟਰ ਕੋਰਸ | | | | | |

1) ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋ ਭਰੇ ਗਏ ਉਪਰੋਕਤ ਵੇਰਵੇ ਸਹੀ ਵਾ ਦਰੁਸਤ ਹਨ।
2) ਅਰਜੀ ਨਾਲ ਨੱਥੀ ਦਸਤਾਵੇਜ ਮੇਰੇ ਵੱਲੋਂ ਪ੍ਰਮਾਣਿਤ ਕੀਤੇ ਜਾਂਦੇ ਹਨ।
3) ਉਪਰੋਕਤ ਜਾਣਕਾਰੀ ਅਤੇ ਦਸਤਾਵੇਜਾਂ ਦੀ ਫਾਈਲ ਜਮਾਂ ਕਰਵਾਉਣ ਵੇਲੇ ਮੇਰੇ ਵੱਲੋਂ ਕੋਈ ਵੀ ਤੱਥ ਨਾ ਛੁਪਾਇਆ ਗਿਆ ਹੈ ਅਤੇ ਨਾ ਹੀ ਝੂਠਾ/ਗਲਤ ਪੇਸ਼ ਕੀਤਾ ਗਿਆ ਹੈ।
4) ਅਸਲ ਦਸਤਾਵੇਜ ਦੇ ਸਹੀ ਨਾ ਪਾਉਣ ਤੇ ਮੈਂ ਆਪਣੇ ਵਿਰੁੱਧ ਬਣਦੀ ਸਿਵਲ ਅਤੇ ਫੌਜਦਾਰੀ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ ਅਤੇ ਮੈਂ ਜਾਣੂ ਹਾਂ ਕਿ ਇਸ ਨਾਲ ਮੇਰੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

ਪ੍ਰਾਰਥੀ ਦੇ ਹਸਤਾਖਰ

## ਦਫਤਰੀ ਵਰਤੋ ਲਈ

6. ਰਾਖਵੀ ਸ੍ਰੇਣੀ ਸਰਟੀਫਿਕੇਟ:________________________________ ਹਸਤਾਖਰ

8. ਸਾਬਕਾ ਫੌਜੀ ਸਰਟੀਫਿਕੇਟ:________________________________ ਹਸਤਾਖਰ

(ੳ) ਤਸਦੀਕ ਕੀਤਾ ਜਾਂਦਾ ਹੈ ਕਿ ਪ੍ਰਾਰਥੀ ਦੇ ਉਕਤ ਵੇਰਵਿਆਂ ਸਬੰਧੀ ਅਸਲੀ ਦਸਤਾਵੇਜ/ ਪ੍ਰਾਰਥੀ ਦਾ ਬਿਨੈ ਪੱਤਰ ਚੈਕ ਕਰ ਲਏ ਗਏ ਹਨ। ਉਪਰੋਕਤ ਵੇਰਵੇ ਅਸਲ ਸਰਟੀਫਿਕੇਟਾਂ ਅਨੁਸਾਰ ਹਨ।

(ਅ) ਕਮੇਟੀ ਮੈਂਬਰ ਸਾਹਿਬਾਨ ਵਲੋਂ ਦਿੱਤੀ ਟਿੱਪਣੀ ਜੋ ਵੀ ਹੋਵੇ:-

ਕਮੇਟੀ ਨੰਬਰ:-________ (1)________________ (2)________________ ਕਮੇਟੀ ਮੈਂਬਰਾਂ ਦੇ ਹਸਤਾਖਰ